| ਪਾਲਸੀ: | | |
|---|---|---|
| **ਸੇਧ ਦੇਣ ਵਾਲੇ ਸਿਧਾਂਤ** | | |
| ਪਾਲਸੀ ਕੋਡ: | ਲਾਗੂ ਹੋਣ ਦੀ ਤਾਰੀਕ: | ਕਰੌਸ-ਰੈਫਰੈਂਸਿਜ਼: |
| **GUI 1** | 20 ਮਈ, 2022 | |

## ਮੁਕੱਦਮੇ ਚਲਾਉਣ ਲਈ ਅਧਿਕਾਰ

ਰਾਜ ਦੇ ਮੁਖੀ (ਸੌਵਰਨ) ਨੂੰ ਸ਼ਾਂਤੀ ਕਾਇਮ ਰੱਖਣ ਅਤੇ ਜੁਰਮਾਂ ਦੇ ਮੁਕੱਦਮੇ ਚਲਾਉਣ ਦਾ ਸੰਵਿਧਾਨਕ ਹੱਕ ਹੈ ਅਤੇ ਇਹ ਉਸ ਦੀ ਜ਼ਿੰਮੇਵਾਰੀ ਹੈ। ਜੁਰਮਾਂ ਦੇ ਮੁਕੱਦਮੇ ਚਲਾਉਣ ਦੀ ਜ਼ਿੰਮੇਵਾਰੀ ਸਿੱਧੀ ਅਤੇ ਪੂਰੀ ਤਰ੍ਹਾਂ ਕਰਾਊਨ ਦੇ ਮੁੱਖ ਲਾਅ ਅਫਸਰ ਵਜੋਂ ਅਟਾਰਨੀ ਜਨਰਲ (ਏ ਜੀ) ਦੀ ਹੈ। ਇਸ ਤਰ੍ਹਾਂ ਏ ਜੀ ਨੂੰ "ਰਾਜਨੀਤਕ ਜਾਂ ਹੋਰ ਬਾਹਰੀ ਅਸਰਾਂ ਤੋਂ ਸੁਤੰਤਰ" ਹੋ ਕੇ ਕੰਮ ਕਰਦੇ ਹੋਏ "ਇਕੱਲੇ ਖੜ੍ਹਨਾ" ਪੈਂਦਾ ਹੈ।[1]

ਸੂਬੇ ਵਿਚਲੇ ਸਾਰੇ ਮੁਕੱਦਮਿਆਂ ਲਈ ਬੁਨਿਆਦੀ ਤੌਰ 'ਤੇ ਏ ਜੀ ਜ਼ਿੰਮੇਵਾਰ ਹੈ ਅਤੇ ਉਸ ਲਈ ਇਹ ਸੰਵਿਧਾਨਕ ਰੋਲ ਆਜ਼ਾਦ ਅਤੇ ਨਿਆਂਪੂਰਨ ਤਰੀਕੇ ਨਾਲ ਨਿਭਾਉਣਾ ਜ਼ਰੂਰੀ ਹੈ। ਏ ਜੀ ਦਾ ਮੁਕੱਦਮੇ ਕਰਨ ਦਾ ਕੰਮ ਕਰਾਊਨ ਕੌਂਸਲ (ਸਰਕਾਰੀ ਵਕੀਲ) ਕਰਦਾ ਹੈ ਜੋ ਕਿ ਏ ਜੀ ਦੀ ਤਰਫੋਂ ਮੁਕੱਦਮੇ ਦਾ ਕੰਮ ਉਸ ਦੇ ਕਾਨੂੰਨੀ ਏਜੰਟ ਵਜੋਂ ਕਰਦਾ ਹੈ। ਇਸ ਕੰਮ ਦੀ ਨਿਗਰਾਨੀ ਏ ਜੀ ਕਰਦਾ ਹੈ ਅਤੇ ਉਹ ਮੁਕੱਦਮਾ ਚਲਾਉਣ ਦੇ ਅਧਿਕਾਰ (ਪ੍ਰੌਸੀਕਿਊਟੋਰੀਅਲ ਅਥਾਰਟੀ) ਦੇ ਸਾਰੇ ਅਮਲਾਂ ਲਈ ਵਿਧਾਨ ਸਭਾ ਨੂੰ ਜਵਾਬਦੇਹ ਰਹਿੰਦਾ ਹੈ।

ਪ੍ਰੌਸੀਕਿਊਟੋਰੀਅਲ ਡਿਸਕਰੈਸ਼ਨ (ਇਹ ਫੈਸਲਾ ਕਰਨ ਦੀ ਮਰਜ਼ੀ ਕਿ ਕਿਸੇ 'ਤੇ ਮੁੱਕਦਮਾ ਚਲਾਉਣਾ ਹੈ ਜਾਂ ਨਹੀਂ) ਇਸ ਇਤਿਹਾਸਕ, ਕਾਨੂੰਨੀ, ਅਤੇ ਸੰਵਿਧਾਨਕ ਸੰਦਰਭ ਤੋਂ ਪੈਦਾ ਅਤੇ ਸੀਮਾਬੱਧ ਹੁੰਦੀ ਹੈ।

## ਮੁਕੱਦਮੇ ਚਲਾਉਣ ਵਿਚ ਆਜ਼ਾਦੀ

ਮੁਕੱਦਮੇ ਚਲਾਉਣ ਲਈ ਏ ਜੀ ਦੀ ਜ਼ਿੰਮੇਵਾਰੀ ਕਿਉਂਕਿ ਰਾਜ ਦੇ ਮੁਖੀ (ਸੌਵਰਨ) ਤੋਂ ਆਉਂਦੀ ਹੈ, ਨਾ ਕਿ ਸਰਕਾਰ ਤੋਂ, ਇਸ ਲਈ ਜ਼ਰੂਰੀ ਹੈ ਕਿ ਏ ਜੀ ਇਸ ਮਰਜ਼ੀ ਦੀ ਵਰਤੋਂ ਕੈਬਨਿਟ ਤੋਂ ਆਜ਼ਾਦ ਰਹਿ ਕੇ ਕਰੇ:

> *ਅਟਾਰਨੀ ਜਨਰਲ, ਜਾਂ ਉਸ ਦੇ ਏਜੰਟਾਂ ਦੇ ਕਿਸੇ ਫੈਸਲੇ, ਜੋ ਕਰਨ ਦਾ ਅਧਿਕਾਰ ਉਸ ਨੂੰ ਰਾਜ ਦੇ ਮੁਖੀ (ਸੌਵਰਨ) ਵਲੋਂ ਦਿੱਤਾ ਗਿਆ ਹੈ, ਵਿਚ ਸਰਕਾਰ ਦੀਆਂ ਹੋਰ ਬਰਾਂਚਾਂ ਦਖਲਅੰਦਾਜ਼ੀ ਨਹੀਂ ਕਰ ਸਕਦੀਆਂ। ਇਸ ਕਰਕੇ, ਅਦਾਲਤਾਂ ਅਤੇ ਐਗਜ਼ੈਕਟਿਵ ਦੇ ਹੋਰ ਮੈਂਬਰ ਮੁਕੱਦਮਾ ਚਲਾਉਣ ਦੀ ਮਰਜ਼ੀ ਨੂੰ ਵਰਤਣ ਦਾ ਸਤਿਕਾਰ ਕਰਨਗੇ...*[2]

ਮੁਕੱਦਮਿਆਂ ਦੀ ਨਿਗਰਾਨੀ ਰੱਖਣ ਵੇਲੇ, ਏ ਜੀ ਲਈ "ਸਰਕਾਰ ਦੇ ਰਾਜਨੀਤਕ ਪਰੈਸ਼ਰਾਂ ਤੋਂ ਆਜ਼ਾਦੀ ਨਾਲ" ਅਤੇ ਹੋਰ ਬਾਹਰੀ ਸਮੂਹਾਂ ਤੋਂ ਆਜ਼ਾਦ ਹੋ ਕੇ ਕੰਮ ਕਰਨਾ ਜ਼ਰੂਰੀ ਹੈ।[3] ਇਸ ਚੀਜ਼ ਬਾਰੇ ਫੈਸਲੇ ਕਿ "ਕੋਈ ਮੁਕੱਦਮਾ ਸ਼ੁਰੂ ਕਰਨਾ ਹੈ ਜਾਂ

---

1 Morgan, D "Controlling Prosecutorial Powers – Judicial Review, Abuse of Process and Section 7 of the Charter" (1986-87) 29 Crim LQ 15 at para 19
2 *Krieger v Law Society of Alberta*, 2002 SCC 65 at para 45
3 *Miazga v Kvello Estate,* 2009 SCC 51 at para 46; *Krieger v Law Society of Alberta*, 2002 SCC 65 at paras 30-32

ਬੰਦ ਕਰਨਾ ਹੈ, ਸਰਕਾਰੀ ਨੀਤੀ ਦਾ ਮਾਮਲਾ ਨਹੀਂ ਹੈ। ਇਹ ਫੈਸਲੇ ਸਿਰਫ ਏ ਜੀ ਨੇ ਕਰਨੇ ਹਨ, ਜਿਸ ਨੂੰ ਇਨ੍ਹਾਂ ਮੰਤਵਾਂ ਲਈ ਇਕ ਆਜ਼ਾਦ ਅਫਸਰ ਵਜੋਂ ਸਤਿਕਾਰ ਦਿੱਤਾ ਜਾਣਾ ਜ਼ਰੂਰੀ ਹੈ, ਜੋ ਕਿ ਅਜਿਹਾ ਕੰਮ ਕਰ ਰਿਹਾ ਹੁੰਦਾ ਹੈ ਜੋ ਕਿ ਬਹੁਤ ਸਾਰੇ ਤਰੀਕਿਆਂ ਨਾਲ ਕਿਸੇ ਜੱਜ ਦੇ ਕੰਮਾਂ ਨਾਲ ਮੇਲ ਖਾਂਦਾ ਹੈ।"[4] ਏ ਜੀ ਦੀ ਆਜ਼ਾਦੀ "ਕਰਿਮੀਨਲ ਜਸਟਿਸ ਸਿਸਟਮ ਦੀ ਭਰੋਸੇਯੋਗਤਾ ਅਤੇ ਸਮਰੱਥਾ ਲਈ ਇੰਨੀ ਮੁੱਖ ਹੈ ਕਿ ਇਸ ਨੂੰ ਸੰਵਿਧਾਨਕ ਹੱਕ ਦਿੱਤਾ ਗਿਆ ਹੈ।"[5]

ਮੁਕੱਦਮੇ ਚਲਾਉਣ ਵਿਚ, ਕਰਾਊਨ ਕੌਂਸਲ ਏ ਜੀ ਦੇ ਏਜੰਟ ਵਜੋਂ ਕੰਮ ਕਰਦਾ ਹੈ। ਉਨ੍ਹਾਂ ਦਾ ਅਧਿਕਾਰ ਸਿੱਧਾ ਉਨ੍ਹਾਂ ਤਾਕਤਾਂ ਤੋਂ ਨਿਕਲਦਾ ਹੈ ਜਿਹੜੀਆਂ ਏ ਜੀ ਦੇ ਦਫਤਰ ਦਾ ਧੁਰਾ ਹਨ। ਏ ਜੀ ਦੀ ਆਜ਼ਾਦੀ ਅਸਿਸਟੈਂਟ ਡਿਪਟੀ ਅਟਾਰਨੀ ਜਨਰਲ (ਏ ਡੀ ਏ ਜੀ), ਬੀ ਸੀ ਪ੍ਰੌਸੀਕਿਊਸ਼ਨ ਸਰਵਿਸ (ਬੀ ਸੀ ਪੀ ਐੱਸ) ਜੋ ਕਿ ਮਨਿਸਟਰੀ ਔਫ ਅਟਾਰਨੀ ਜਨਰਲ ਦੀ ਕ੍ਰਿਮੀਨਲ ਜਸਟਿਸ ਬਰਾਂਚ ਹੈ ਅਤੇ ਕਰਾਊਨ ਕੌਂਸਲ ਨੂੰ ਜਾਂਦੀ ਹੈ। ਕਰਾਊਨ ਕੌਂਸਲ ਦਾ ਰੋਲ ਨੀਮ-ਅਦਾਲਤੀ ਹੈ।[6] ਉਹ ਇਨਸਾਫ਼ ਦੇ ਮਨਿਸਟਰ ਹਨ:

> *ਇਹ ਗੱਲ ਇਸ ਤੋਂ ਵੱਧ ਜ਼ੋਰ ਦੇ ਕੇ ਨਹੀਂ ਕਹੀ ਜਾ ਸਕਦੀ ਕਿ ਕ੍ਰਿਮੀਨਲ ਮੁਕੱਦਮੇ ਦਾ ਮੰਤਵ ਦੋਸ਼-ਸਿੱਧੀ ਹਾਸਲ ਕਰਨਾ ਨਹੀਂ ਹੈ; ਇਹ ਜਿਊਰੀ ਅੱਗੇ ਉਹ ਪੇਸ਼ ਕਰਨਾ ਹੈ ਜਿਸ ਨੂੰ ਕਰਾਊਨ ਕਥਿਤ ਜੁਰਮ ਨਾਲ ਸੰਬੰਧਿਤ ਭਰੋਸੇਯੋਗ ਸਬੂਤ ਸਮਝਦਾ ਹੈ। ਇਹ ਦੇਖਣਾ ਸਰਕਾਰੀ ਵਕੀਲ ਦਾ ਫਰਜ਼ ਹੈ ਤੱਥਾਂ ਦੇ ਸਾਰੇ ਉਪਲਬਧ ਕਾਨੂੰਨੀ ਸਬੂਤ ਪੇਸ਼ ਕੀਤੇ ਗਏ ਹਨ: ਇਹ ਮਜ਼ਬੂਤੀ ਨਾਲ ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਦੀ ਜਾਇਜ਼ ਸ਼ਕਤੀ 'ਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ, ਪਰ ਇਸ ਦਾ ਈਮਾਨਦਾਰੀ ਨਾਲ ਕੀਤਾ ਜਾਣਾ ਵੀ ਜ਼ਰੂਰੀ ਹੈ। ਸਰਕਾਰੀ ਵਕੀਲ ਦਾ ਰੋਲ ਜਿੱਤਣ ਜਾਂ ਹਾਰਨ ਦੇ ਕਿਸੇ ਵੀ ਨਜ਼ਰੀਏ ਨੂੰ ਬਾਹਰ ਰੱਖਦਾ ਹੈ...*[7]

"ਮਨਿਸਟਰ ਔਫ ਜਸਟਿਸ" ਵਜੋਂ ਸਰਕਾਰੀ ਵਕੀਲ ਦੇ ਰੋਲ ਵਿਚ ਤਿੰਨ ਮੁੱਖ ਹਿੱਸੇ ਸ਼ਾਮਲ ਹਨ:

> *ਪਹਿਲਾ ਯਥਾਰਥਕਤਾ ਹੈ, ਜਿਸ ਦਾ ਮਤਲਬ ਹੈ ਤੱਥਾਂ ਨੂੰ ਬੇਲਾਗ ਢੰਗ ਨਾਲ ਦੇਖਣਾ, ਜਿਵੇਂ ਉਹ ਹਨ, ਕਾਲਪਨਿਕ ਜਜ਼ਬਾਤਾਂ ਜਾਂ ਪੱਖਪਾਤਾਂ ਤੋਂ ਬਿਨਾਂ। ਦੂਜਾ ਹੋਰ ਹਿੱਤਾਂ ਤੋਂ ਆਜ਼ਾਦੀ ਜਿਨ੍ਹਾਂ ਦਾ ਮੁਕੱਦਮੇ 'ਤੇ ਅਸਰ ਹੋ ਸਕਦਾ ਹੈ, ਜਿਸ ਵਿਚ ਪੁਲੀਸ ਅਤੇ ਡਿਫੈਂਸ ਸ਼ਾਮਲ ਹੋ ਸਕਦੇ ਹਨ। ਤੀਜਾ, ਪਹਿਲੇ ਨਾਲ ਸੰਬੰਧਿਤ ਹੈ, ਸ਼ੱਕੀ ਜਾਂ ਕਥਿਤ ਦੋਸ਼ੀ ਪ੍ਰਤੀ- ਵੈਰ ਭਾਵਨਾ ਦੀ ਅਣਹੋਂਦ – ਨਾਂਹਪੱਖੀ ਜਾਂ ਹਾਂਪੱਖੀ ਕੋਈ ਵੀ। ਸਰਕਾਰੀ ਵਕੀਲ ਤੋਂ ਨਿਰਪੱਖਤਾ ਨਾਲ ਕੰਮ ਕਰਨ ਦੀ ਉਮੀਦ ਰੱਖੀ ਜਾਂਦੀ ਹੈ।*[8]

ਕਰਾਊਨ ਕੌਂਸਲ ਨੂੰ ਚੁਣੌਤੀਪੂਰਨ ਤਰਫ਼ਦਾਰੀਆਂ ਅਤੇ ਕੱਟੜ ਧਾਰਨਾਵਾਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ ਜਿਹੜੀਆਂ ਬਰਾਬਰ ਅਤੇ ਨਿਰਪੱਖ ਇਨਸਾਫ਼ ਨੂੰ ਕਮਜ਼ੋਰ ਕਰ ਸਕਦੀਆਂ ਹਨ। ਜਨਤਕ ਸੁਰੱਖਿਆ ਅਤੇ ਕਾਨੂੰਨ ਦੇ ਰਾਜ ਨੂੰ ਉਤਸ਼ਾਹ ਦੇਣ ਲਈ ਕਰਾਊਨ ਕੌਂਸਲ ਦੀ ਆਜ਼ਾਦੀ ਅਤੇ ਬੇਲਾਗ ਯਥਾਰਥਕਤਾ ਬਹੁਤ ਜ਼ਰੂਰੀ ਹੈ। ਬਦਲੇ ਵਿਚ, ਕਰਾਊਨ ਕੌਂਸਲ ਨੂੰ ਜਸਟਿਸ ਸਿਸਟਮ ਵਿਚ ਹਿੱਸਾ ਲੈਣ ਵਾਲੇ ਹੋਰਨਾਂ ਦੇ ਰੋਲਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਕਰਾਊਨ ਕੌਂਸਲ ਨੂੰ ਇਹ ਮੰਨਣਾ ਚਾਹੀਦਾ ਹੈ ਕਿ ਮੁਕੱਦਮਾ ਇਨਸਾਫ ਪਸੰਦ ਅਤੇ ਨਿਰਪੱਖ ਜੱਜ ਜਾਂ ਜਿਊਰੀ ਦੇ ਸਾਹਮਣੇ ਚੱਲੇਗਾ ਜੋ ਕਾਨੂੰਨ ਮੁਤਾਬਕ ਕੰਮ ਕਰਦੇ ਹਨ ਅਤੇ ਉਸ ਨੂੰ ਜੱਜ ਜਾਂ ਜਿਊਰੀ ਲਈ ਸਬੂਤ ਦੇ ਮੁਢਲੇ ਮਹੱਤਵ ਜਾਂ ਭਰੋਸੇਯੋਗਤਾ ਨੂੰ ਆਪਣੇ ਵਿਅਕਤੀਗਤ ਨਜ਼ਰੀਏ ਨਾਲ ਬਦਲ ਕੇ ਜੱਜ ਜਾਂ ਜਿਊਰੀ ਦੇ ਰੋਲ ਨੂੰ ਖੋਹਣਾ ਨਹੀਂ ਚਾਹੀਦਾ।

## ਪੁਲੀਸ ਤੋਂ ਆਜ਼ਾਦੀ

ਜਸਟਿਸ ਸਿਸਟਮ ਵਿਚ, ਪੁਲੀਸ ਅਤੇ ਸਰਕਾਰੀ ਵਕੀਲ ਆਪਣੇ ਫੈਸਲੇ ਅੱਡ ਅੱਡ ਅਤੇ ਇਕ ਦੂਜੇ ਤੋਂ ਅਤੇ ਬਾਹਰਲੇ ਸਾਰੇ ਪ੍ਰਭਾਵ ਤੋਂ ਆਜ਼ਾਦ ਰਹਿ ਕੇ ਕਰਦੇ ਹਨ। ਪੁਲੀਸ ਅਤੇ ਕਰਾਊਨ ਕੌਂਸਲ ਵਿਚਕਾਰ ਸੰਬੰਧ "ਪਰਸਪਰ ਆਜ਼ਾਦੀ" ਵਾਲਾ ਹੈ ਜਿਹੜਾ "ਪੜਤਾਲ ਕਰਨ ਅਤੇ ਮੁਕੱਦਮਾ ਕਰਨ ਦੀਆਂ ਤਾਕਤਾਂ ਦੋਨਾਂ ਦੀ ਦੁਰਵਰਤੋਂ ਵਿਰੁੱਧ ਰਖਵਾਲੀ ਪ੍ਰਦਾਨ ਕਰਦਾ ਹੈ ਅਤੇ

---

4 Ian Scott, "The Role of the Attorney General and the Charter of Rights" (1986-87) 29 Criminal Law Quarterly para 190

5 *Miazga v Kvello Estate,* 2009 SCC 51 at para 46; *Krieger v Law Society of Alberta*, 2002 SCC 65

6 *Miazga v Kvello Estate,* 2009 SCC 51 at para 47

7 *R v Boucher* (1954), 110 CCC 263 (SCC) per Rand J.

8 *R v Regan,* 2002 SCC 12 per Binnie J. at para 156, dissenting on another point

ਇਹ ਯਕੀਨੀ ਬਣਾ ਸਕਦਾ ਹੈ ਕਿ ਪੜਤਾਲਾਂ ਅਤੇ ਮੁਕੱਦਮੇ ਦੋਨੋਂ ਜ਼ਿਆਦਾ ਚੰਗੀ ਤਰ੍ਹਾਂ ਅਤੇ ਈਮਾਨਦਾਰੀ ਨਾਲ ਕੀਤੇ ਗਏ ਹਨ"।[9] ਕਰਾਊਨ ਕੌਂਸਲ ਲਈ ਪੁਲੀਸ ਨਾਲ ਆਪਣੇ ਵਰਤਾਉ ਅਤੇ ਚਾਰਜਾਂ ਦਾ ਅਨੁਮਾਨ ਲਾਉਣ ਵੇਲੇ ਯਥਾਰਥਕ ਰਹਿਣਾ ਜ਼ਰੂਰੀ ਹੈ।

ਪੜਤਾਲ ਕਰਨ ਵਾਲੇ ਅਤੇ ਸਰਕਾਰੀ ਵਕੀਲ ਦੇ ਰੋਲ ਦੀ ਆਪਸੀ ਆਜ਼ਾਦੀ ਦੀ ਰੱਖਿਆ ਕਰਨ ਨਾਲ ਯਥਾਰਥਕਤਾ ਅਤੇ ਕਾਨੂੰਨ ਦੇ ਰਾਜ ਵਿਚ ਵਾਧਾ ਹੁੰਦਾ ਹੈ। ਆਪੋ ਆਪਣੇ ਫਰਜ਼ ਨਿਭਾਉਣ ਵੇਲੇ, ਪੁਲੀਸ ਅਤੇ ਕਰਾਊਨ ਕੌਂਸਲ ਦੋਨਾਂ ਕੋਲ "ਮਰਜ਼ੀ ਹੁੰਦੀ ਹੈ ਜਿਸ ਦੀ ਵਰਤੋਂ ਕਿਸੇ ਵੀ ਬਾਹਰਲੇ ਪ੍ਰਭਾਵ ਤੋਂ ਮੁਕਤ ਹੋ ਕੇ ਕਰਨਾ ਜ਼ਰੂਰੀ ਹੈ।"[10]

ਨਾ ਹੀ ਏ ਜੀ ਕੋਲ ਅਤੇ ਨਾ ਹੀ ਬੀ ਸੀ ਪੀ ਐੱਸ ਕੋਲ ਪੜਤਾਲਾਂ ਕਰਨ ਜਾਂ ਪੜਤਾਲਾਂ ਨੂੰ ਸੇਧ ਦੇਣ ਦਾ ਕੋਈ ਅਧਿਕਾਰ ਹੈ। ਇਹ ਪੁਲੀਸ ਹੈ ਜਿਸ ਨੂੰ ਆਪਣੀ ਮਰਜ਼ੀ ਦੀ ਆਜ਼ਾਦੀ ਨਾਲ ਵਰਤੋਂ ਕਰਦੇ ਹੋਏ ਕਥਿਤ ਮੁਜਰਮਾਨਾ ਜੁਰਮਾਂ ਦੀਆਂ ਪੜਤਾਲਾਂ ਕਰਨ ਅਤੇ ਇਹ ਫੈਸਲਾ ਕਰਨ ਦਾ ਅਧਿਕਾਰ ਅਤੇ ਫਰਜ਼ ਹੈ ਕਿ ਕੀ ਪੜਤਾਲੀਆ ਫਾਇਲ, ਚਾਰਜ ਅਸੈੱਸਮੈਂਟ ਅਤੇ ਸੰਭਵ ਮੁਕੱਦਮੇ ਲਈ ਬੀ ਸੀ ਪੀ ਐੱਸ ਨੂੰ ਭੇਜੀ ਜਾਣੀ ਚਾਹੀਦੀ ਹੈ। ਪੜਤਾਲ ਕਰਨ ਵਾਲੇ ਆਜ਼ਾਦੀ ਨਾਲ ਇਹ ਫੈਸਲਾ ਕਰਦੇ ਹਨ ਕਿ ਕੀ ਉਨ੍ਹਾਂ ਨੂੰ ਪੜਤਾਲ ਕਰਨੀ ਚਾਹੀਦੀ ਹੈ ਅਤੇ ਕਦੋਂ ਕਰਨੀ ਚਾਹੀਦੀ ਹੈ, ਕਿਸ ਦੀ ਪੜਤਾਲ ਕੀਤੀ ਜਾਣੀ ਚਾਹੀਦੀ ਹੈ, ਕਿਹੜੇ ਸਬੂਤ ਇਕੱਠੇ ਕਰਨੇ ਹਨ, ਅਤੇ ਕੀ ਪੜਤਾਲ ਦੌਰਾਨ ਕਾਨੂੰਨੀ ਸਲਾਹ ਲੈਣੀ ਹੈ ਜਾਂ ਨਹੀਂ।[11] ਕਿਸੇ ਕੇਸ ਵਿਚ ਦਖਲ ਦੇਣ ਤੋਂ ਪਹਿਲਾਂ ਕਰਾਊਨ ਕੌਂਸਲ ਨੂੰ ਕਿਸੇ ਪੜਤਾਲੀਆ ਏਜੰਸੀ ਤੋਂ ਕਾਨੂੰਨੀ ਸਲਾਹ ਲਈ ਬੇਨਤੀ ਜਾਂ ਰਿਪੋਰਟ ਟੂ ਕਰਾਊਨ ਕੌਂਸਲ ਮਿਲਣੀ ਜ਼ਰੂਰੀ ਹੈ।

## ਆਜ਼ਾਦੀ ਅਤੇ ਕਾਨੂੰਨ ਦਾ ਰਾਜ

"ਕਾਨੂੰਨ ਦਾ ਰਾਜ" ਬੁਨਿਆਦੀ ਇਨਸਾਫ਼ ਦਾ ਇਕ ਬੁਨਿਆਦੀ ਅਸੂਲ ਹੈ। ਇਹ ਮੰਗ ਕਰਦਾ ਹੈ ਕਿ "ਸਾਰੇ ਵਿਅਕਤੀ, ਸੰਸਥਾਵਾਂ ਅਤੇ ਅਦਾਰੇ, ਸਰਕਾਰੀ ਅਤੇ ਪ੍ਰਾਈਵੇਟ....ਕਾਨੂੰਨਾਂ ਪ੍ਰਤੀ ਜਵਾਬਦੇਹ ਹਨ ਜਿਹੜੇ ਜਨਤਕ ਤੌਰ 'ਤੇ ਜਾਰੀ ਕੀਤੇ ਜਾਂਦੇ ਹਨ, ਬਰਾਬਰੀ ਨਾਲ ਲਾਗੂ ਜਾਂਦੇ ਹਨ ਅਤੇ ਜਿਹਨਾਂ ਬਾਰੇ ਫੈਸਲੇ ਆਜ਼ਾਦੀ ਨਾਲ ਕੀਤੇ ਜਾਂਦੇ ਹਨ ।"[12] ਇਹ ਮੰਗ ਕਰਦਾ ਹੈ ਕਿ ਕਾਨੂੰਨ ਹਰ ਇਕ 'ਤੇ ਇਕ ਸਮਾਨ ਲਾਗੂ ਹੁੰਦਾ ਹੈ, ਅਤੇ ਇਹ ਆਪਹੁਦਰੇ ਵਿਤਕਰੇ ਨੂੰ ਰੋਕਦਾ ਹੈ। ਇਹ ਲੋਕਾਂ ਦੀ ਸਟੇਟ ਦੀ ਆਪਹੁਦਰੀ ਕਾਰਵਾਈ ਤੋਂ ਰੱਖਿਆ ਕਰਦਾ ਹੈ ਅਤੇ ਇਕ ਸਥਿਰ, ਅਨੁਮਾਨ ਲਾਉਣ ਯੋਗ ਅਤੇ ਤਰਤੀਬ ਵਾਲੇ ਸਮਾਜ ਨੂੰ ਉਤਸ਼ਾਹ ਦਿੰਦਾ ਹੈ।[13]

ਕਾਨੂੰਨ ਦਾ ਰਾਜ ਕਾਇਮ ਰੱਖਣ ਲਈ ਸਰਕਾਰੀ ਵਕੀਲ ਦੀ ਆਜ਼ਾਦੀ ਦਾ ਅਸੂਲ ਬਹੁਤ ਮਹੱਤਵਪੂਰਨ ਹੈ। ਕਰਾਊਨ ਕੌਂਸਲ ਦੀ ਆਜ਼ਾਦੀ ਇਹ ਪੱਕਾ ਕਰਦੀ ਹੈ ਕਿ ਉਹ "ਕਿਸੇ ਕੇਸ ਵਿਚ ਬਿਨਾਂ ਕਿਸੇ ਡਰ ਜਾਂ ਲਿਹਾਜ਼ਦਾਰੀ ਦੇ, ਕਿਸੇ ਹੋਰ ਸ੍ਰੋਤ ਤੋਂ ਗਲਤ ਪਰੈਸ਼ਰ ਦਾ ਸ਼ਿਕਾਰ ਹੋਏ ਬਿਨਾਂ, ਭਾਵੇਂ ਇਹ ਮੀਡੀਆ ਹੋਵੇ, ਸਿਆਸੀ ਲੋਕ ਹੋਣ, ਪੁਲੀਸ ਹੋਵੇ, ਬਦਲਾ ਲੈਣਾ ਚਾਹੁੰਦਾ ਕੋਈ ਪੀੜਿਤ ਹੋਵੇ ਜਾਂ ਇੱਥੋਂ ਤੱਕ ਕਿ ਗੁਮਰਾਹ ਹੋਈ ਲੋਕ ਰਾਇ ਹੋਵੇ, ਸਹੀ ਫੈਸਲਾ ਲੈ ਸਕਦੇ ਹਨ।[14] ਇਸ ਦੀ ਵਰਤੋਂ ਵਿਚ, ਸਰਕਾਰੀ ਵਕੀਲ ਦੀ ਆਜ਼ਾਦੀ ਦਾ ਅਸੂਲ ਇਸ ਜਨਤਕ ਭਰੋਸੇ ਨੂੰ ਉਤਸ਼ਾਹ ਦਿੰਦਾ ਹੈ ਕਿ ਕਰਿਮੀਨਲ ਜਸਟਿਸ ਨਿਰਪੱਖਤਾ ਨਾਲ ਅਤੇ ਪੱਖਪਾਤੀ ਰਾਜਨੀਤਕ ਸਰੋਕਾਰਾਂ ਤੋਂ ਮੁਕਤੀ ਨਾਲ ਲਾਗੂ ਕੀਤਾ ਜਾਵੇਗਾ।

ਕਰਾਊਨ ਕੌਂਸਲ ਲਈ ਕਾਨੂੰਨ ਦੇ ਰਾਜ ਦੇ ਵਿਚ ਕੰਮ ਕਰਨਾ, ਅਤੇ ਆਪਣੀ ਮਰਜ਼ੀ ਦੀ ਉੱਚਿਤ, ਨਿਰਪੱਖ, ਚੰਗੀ ਭਾਵਨਾ, ਅਤੇ ਉੱਚੇ ਨੈਤਿਕ ਮਿਆਰਾਂ ਨਾਲ ਵਰਤੋਂ ਕਰਕੇ ਕ੍ਰਿਮੀਨਲ ਜਸਟਿਸ ਸਿਸਟਮ ਦੀ ਨੇਕ-ਨੀਤੀ ਦੀ ਰੱਖਿਆ ਕਰਨਾ ਜ਼ਰੂਰੀ ਹੈ। ਜ਼ਰੂਰੀ ਹੈ ਕਿ ਰਾਜਨੀਤਕ, ਨਿੱਜੀ, ਅਤੇ ਪ੍ਰਾਈਵੇਟ ਵਿਚਾਰ ਸਰਕਾਰੀ ਵਕੀਲ ਦੀ ਮਰਜ਼ੀ 'ਤੇ ਅਸਰ ਨਾ ਪਾਉਣ। ਕਰਾਊਨ

9 *Smith v Ontario (Attorney General),* 2019 ONCA 651 at para 86

10 *R v Beaudry,* 2007 SCC 5 at para 48

11 *R v Metropolitan Police Commissioner ex parte Blackburn*, [1968] 1 All ER 763 (CA)

12 United Nations Security Council, "The rule of law and transitional justice in conflict and post-conflict societies", S/2004/616 at para 6

13 *Reference re Secession of Quebec*, 1998 2 SCR 217 at para 70

14 James Hamilton, "*Prosecutorial Independence and Accountability*" (Strasbourg, France: retrieved online, March 15, 2011): Proceedings of the European Commission for Democracy through Law (Venice Commission) "The Independence of Judges and Prosecutors: Perspectives and Challenges"

ਕੌਂਸਲ ਦੀ "ਯਥਾਰਥਕਤਾ ਅਤੇ ਆਜ਼ਾਦੀ ਦੀ ਜ਼ਿੰਮੇਵਾਰੀ...ਨਾਗਰਿਕ ਦੀ ਕਦੇ ਕਦੇ ਸਟੇਟ ਦੀ ਤਾਕਤ ਦੇ ਜ਼ਿਆਦਾ ਸਾੜੇ ਵਾਲੀ ਜਾਂ ਗਲਤ ਵਰਤੋਂ ਤੋਂ ਰੱਖਿਆ ਹੈ।" ਅਦਾਲਤੀ ਆਜ਼ਾਦੀ ਦੇ ਨਾਲ ਨਾਲ, ਕਰਾਊਨ ਕੌਂਸਲ ਦੀ ਆਜ਼ਾਦੀ "ਸਾਡੇ ਕ੍ਰਿਮੀਨਲ ਜਸਟਿਸ ਸਿਸਟਮ ਦੇ ਮਹੱਤਵਪੂਰਨ ਕੰਟਰੋਲਾਂ ਅਤੇ ਸੰਤੁਲਨਾਂ ਵਿੱਚੋਂ ਇਕ ਹੈ।"[15]

ਕਰਾਊਨ ਕੌਂਸਲ ਬੀ ਸੀ ਪੀ ਐੱਸ ਵਿਚਲੇ ਆਪਣੇ ਸੁਪਰਵਾਈਜ਼ਰਾਂ; ਏ ਜੀ ਨੂੰ; ਅਤੇ ਅਦਾਲਤ ਵਿਚਲੇ ਆਪਣੇ ਤਰੀਕਿਆਂ ਲਈ ਜਾਂ ਅਦਾਲਤ ਦੇ ਤਰੀਕੇ ਦੀ ਦੁਰਵਰਤੋਂ ਲਈ ਉਨ੍ਹਾਂ ਅਦਾਲਤਾਂ ਨੂੰ ਜਵਾਬਦੇਹ ਹੁੰਦੇ ਹਨ ਜਿਨ੍ਹਾਂ ਅੱਗੇ ਉਹ ਪੇਸ਼ ਹੁੰਦੇ ਹਨ; ਅਤੇ ਕਾਨੂੰਨੀ ਪੇਸ਼ੇ ਦੇ ਮਿਆਰਾਂ ਲਈ ਸੂਬੇ ਦੀ ਲਾਅ ਸੁਸਾਇਟੀ ਨੂੰ ਜਵਾਬਦੇਹ ਹੁੰਦੇ ਹਨ। ਏ ਜੀ ਦੇ ਏਜੰਟ ਵਜੋਂ, ਕਰਾਊਨ ਕੌਂਸਲ ਆਪਣੀ ਮਰਜ਼ੀ ਦੀ ਵਰਤੋਂ ਕਰਦੇ ਹੋਏ ਏ ਜੀ ਨੂੰ ਪੱਕੇ ਤੌਰ 'ਤੇ ਬੰਨ ਨਹੀਂ ਸਕਦਾ।[16]

## *ਕਰਾਊਨ ਕੌਂਸਲ ਐਕਟ*

*ਕਰਾਊਨ ਕੌਂਸਲ ਐਕਟ*[17] ਸਰਕਾਰੀ ਵਕੀਲ ਦੀ ਆਜ਼ਾਦੀ ਦੇ ਅਸੂਲ ਨੂੰ ਅਰਥਪੂਰਨ ਅਸਰ ਦਿੰਦਾ ਹੈ। *ਕਰਾਊਨ ਕੌਂਸਲ ਐਕਟ* ਹੇਠ ਬੀ ਸੀ ਪੀ ਐੱਸ, ਬ੍ਰਿਟਿਸ਼ ਕੋਲੰਬੀਆ ਵਿਚ ਕਰਾਊਨ ਦੀ ਤਰਫੋਂ ਉਨ੍ਹਾਂ ਸਾਰੇ ਕ੍ਰਿਮੀਨਲ ਅਤੇ ਰੈਗੂਲੇਟਰੀ ਮੁਕੱਦਮਿਆਂ ਅਤੇ ਅਪੀਲਾਂ ਨੂੰ ਮਨਜ਼ੂਰੀ ਦੇਣ ਅਤੇ ਮੁਕੱਦਮੇ ਕਰਨ ਲਈ ਜ਼ਿੰਮੇਵਾਰ ਹੈ ਜਿਹੜੇ ਕੈਨੇਡਾ ਸਰਕਾਰ ਦੇ ਅਧਿਕਾਰ ਖੇਤਰ ਵਿਚ ਨਹੀਂ ਹਨ। ਬੀ ਸੀ ਪੀ ਐੱਸ ਨੂੰ ਏ ਡੀ ਏ ਜੀ ਵਲੋਂ ਚਲਾਇਆ ਜਾਂਦਾ ਹੈ, ਜਿਸ ਨੂੰ *ਕ੍ਰਿਮੀਨਲ ਕੋਡ*[18] ਦੇ ਮੰਤਵਾਂ ਲਈ ਏ ਜੀ ਦਾ ਕਾਨੂੰਨੀ ਡਿਪਟੀ ਨਿਯਤ ਕੀਤਾ ਜਾਂਦਾ ਹੈ। ਏ ਡੀ ਏ ਜੀ, ਕਰਾਊਨ ਦੀ ਤਰਫੋਂ ਮੁਕੱਦਮੇ ਅਤੇ ਅਪੀਲਾਂ ਨੂੰ ਮਨਜ਼ੂਰੀ ਦੇਣ ਅਤੇ ਕਰਨ ਲਈ ਕਰਾਊਨ ਕੌਂਸਲ, *ਐਡਹੌਕ* ਲੀਗਲ ਕੌਂਸਲ, ਅਤੇ ਖਾਸ ਸਰਕਾਰੀ ਵਕੀਲਾਂ ਨੂੰ ਨਿਯੁਕਤ ਕਰਦਾ ਹੈ।

*ਕਰਾਊਨ ਕੌਂਸਲ ਐਕਟ,* ਏ ਜੀ ਰਾਹੀਂ ਬੀ ਸੀ ਪੀ ਐੱਸ ਅਤੇ ਸਰਕਾਰ ਵਿਚਕਾਰ ਸੰਬੰਧਾਂ ਨੂੰ ਵੀ ਨਿਸ਼ਚਿਤ ਕਰਦਾ ਹੈ ਅਤੇ ਆਪਣੇ ਆਦੇਸ਼ ਦੀ ਵਰਤੋਂ ਕਰਨ ਵਿਚ ਬੀ ਸੀ ਪੀ ਐੱਸ ਨੂੰ ਵੱਡੀ ਆਜ਼ਾਦੀ ਦਿੰਦਾ ਹੈ। ਇਹ ਇਸ ਗੱਲ ਦੀ ਮੰਗ ਕਰਕੇ ਪਾਰਦਰਸ਼ਤਾ ਲਾਗੂ ਕਰਦਾ ਹੈ ਕਿ ਖਾਸ ਮੁਕੱਦਮਿਆਂ ਬਾਰੇ ਏ ਜੀ ਜਾਂ ਡਿਪਟੀ ਅਟਾਰਨੀ ਜਨਰਲ (ਡੀ ਏ ਜੀ) ਵਲੋਂ ਦਿੱਤੀਆਂ ਗਈਆਂ ਕੋਈ ਵੀ ਹਿਦਾਇਤਾਂ ਲਿਖਤੀ ਰੂਪ ਵਿਚ ਦਿੱਤੀਆਂ ਜਾਣ ਅਤੇ ਗਜ਼ਟ ਵਿਚ ਛਾਪੀਆਂ ਜਾਣ। ਏ ਜੀ ਜਾਂ ਡੀ ਏ ਜੀ ਵਲੋਂ ਪਾਲਸੀ ਬਾਰੇ ਦਿੱਤੀਆਂ ਗਈਆਂ ਕੋਈ ਵੀ ਹਿਦਾਇਤਾਂ ਲਿਖਤੀ ਰੂਪ ਵਿਚ ਹੋਣੀਆਂ ਜ਼ਰੂਰੀ ਹਨ ਅਤੇ ਇਹ ਏ ਡੀ ਏ ਜੀ ਦੀ ਮਰਜ਼ੀ 'ਤੇ ਗਜ਼ਟ ਵਿਚ ਛਾਪੀਆਂ ਜਾ ਸਕਦੀਆਂ ਹਨ। ਪਾਰਦਰਸ਼ਤਾ ਗਲਤ ਰਾਜਨੀਤਕ ਪ੍ਰਭਾਵ ਦੇ ਇਲਜ਼ਾਮਾਂ ਤੋਂ ਬਚਾਉਂਦੀ ਹੈ ਜਿਹੜੇ ਭਾਵੇਂ ਕਿ ਬੇਬੁਨਿਆਦ ਹੀ ਹੋਣ, ਏ ਜੀ ਲਈ, ਸਰਕਾਰ ਲਈ ਅਤੇ ਲੋਕਾਂ ਦੀ ਇਨਸਾਫ ਦੀ ਧਾਰਨਾ ਲਈ ਵੱਡੀਆਂ ਉਲਝਣਾਂ ਪੈਦਾ ਕਰ ਸਕਦੇ ਹਨ।[19]

*ਕਰਾਊਨ ਕੌਂਸਲ ਐਕਟ,* ਏ ਡੀ ਏ ਜੀ ਨੂੰ ਸਪੈਸ਼ਲ ਪ੍ਰੌਸੀਕਿਊਟਰ ਨਿਯੁਕਤ ਕਰਨ ਦਾ ਅਧਿਕਾਰ ਦੇ ਕੇ, ਰਾਜਨੀਤਕ ਤੌਰ 'ਤੇ ਸੰਵੇਦਨਸ਼ੀਲ ਮੁਕੱਦਮਿਆਂ ਨੂੰ ਗਲਤ ਰਾਜਨੀਤਕ ਦਖਲਅੰਦਾਜ਼ੀ ਤੋਂ ਵੀ ਬਚਾਉਂਦਾ ਹੈ। ਸਪੈਸ਼ਲ ਪ੍ਰੌਸੀਕਿਊਟਰ, ਮੁਕੱਦਮੇ ਦੀਆਂ ਫਾਇਲਾਂ ਬਾਰੇ ਆਪਣੇ ਫੈਸਲੇ ਬੀ ਸੀ ਪੀ ਐੱਸ ਤੋਂ ਆਜ਼ਾਦ ਹੋ ਕੇ ਅਤੇ ਏ ਜੀ ਦੇ ਫੌਰੀ ਨਿਗਰਾਨੀ ਵਾਲੇ ਅਧਿਕਾਰ ਤੋਂ ਬਾਹਰ ਰਹਿ ਕੇ ਕਰਦੇ ਹਨ। ਏ ਜੀ, ਡੀ ਏ ਜੀ, ਜਾਂ ਏ ਡੀ ਏ ਜੀ, ਸਪੈਸ਼ਲ ਪ੍ਰੌਸੀਕਿਊਟਰ ਦੇ ਆਦੇਸ਼ ਵਿਚਲੇ ਕਿਸੇ ਮਾਮਲੇ ਦੇ ਸੰਬੰਧ ਵਿਚ ਸਪੈਸ਼ਲ ਪ੍ਰੌਸੀਕਿਊਟਰ ਨੂੰ ਸੇਧ ਦੇ ਸਕਦੇ ਹਨ, ਪਰ ਇਹ ਸੇਧ ਲਿਖਤੀ ਰੂਪ ਵਿਚ ਦੇਣਾ ਅਤੇ ਗਜ਼ਟ ਵਿਚ ਛਾਪਣਾ ਜ਼ਰੂਰੀ ਹੈ।

*ਕਰਾਊਨ ਕੌਂਸਲ ਐਕਟ,* ਬੀ ਸੀ ਪੀ ਐੱਸ ਨੂੰ ਲੋਕਾਂ ਨੂੰ ਜਾਣਕਾਰੀ ਦੇਣ ਦੇ ਸੰਬੰਧ ਵਿਚ ਆਜ਼ਾਦੀ ਅਤੇ ਖੁਦਮੁਖਤਾਰੀ ਦਾ ਇਕ

---

15 *R v Regan,* 2002 SCC 12, per Binnie J at para 157, dissenting on another point

16 *R v Nixon*, 2011 SCC 34

17 *Crown Counsel Act*, RSBC 1996, c.87

18 *Crown Counsel Act*, RSBC 1996, c.87 section 3(2)

19 *Vogel v Canadian Broadcasting Corp., Bird and Good* [1982], 3 WWR 97 (BCSC); *Report of Commissioner Stephen Owen on the Discretion to Prosecute Inquiry,* 1990; *Blackmore v British Columbia* (Attorney General), 2009 BCSC 1299

ਮਾਪ ਵੀ ਪ੍ਰਦਾਨ ਕਰਦਾ ਹੈ। ਜਦੋਂ ਏ ਡੀ ਏ ਜੀ ਇਹ ਫੈਸਲਾ ਕਰਦਾ ਹੈ ਕਿ ਲੋਕਾਂ ਦਾ ਜ਼ਿਆਦਾ ਧਿਆਨ ਖਿੱਚਣ ਵਾਲੇ ਕੇਸ ਦੇ ਫੈਸਲੇ ਬਾਰੇ ਲੋਕਾਂ ਲਈ ਬਿਆਨ ਜਾਰੀ ਕਰਨਾ ਪਬਲਿਕ ਦੇ ਹਿੱਤ ਵਿਚ ਹੈ ਤਾਂ ਬੀ ਸੀ ਪੀ ਐੱਸ ਇਕ ਸਪਸ਼ਟ ਬਿਆਨ ਜਾਰੀ ਕਰ ਸਕਦੀ ਹੈ।

## ਪਾਲਸੀ ਦਾ ਮੰਤਵ

ਕਾਨੂੰਨ ਦੇ ਰਾਜ ਲਈ ਆਜ਼ਾਦ, ਵਾਜਬ, ਅਤੇ ਅਸਰਦਾਰ ਮੁਕੱਦਮੇ ਜ਼ਰੂਰੀ ਹਨ। ਚੰਗੀ ਤਰ੍ਹਾਂ ਤਿਆਰ ਕੀਤੀਆਂ ਗਈਆਂ ਪਾਲਸੀ ਗਾਈਡਲਾਈਨਾਂ ਉਨ੍ਹਾਂ ਔਖੇ ਫੈਸਲਿਆਂ ਵਿੱਚ ਕਰਾਊਨ ਕੌਂਸਲ ਦੀ ਮਦਦ ਕਰਕੇ, ਜਿਹੜੇ ਉਨ੍ਹਾਂ ਲਈ ਲੋਕਾਂ ਦੇ ਹਿੱਤ ਵਿਚ ਕਰਨੇ ਜ਼ਰੂਰੀ ਹੁੰਦੇ ਹਨ, ਜਸਟਿਸ ਸਿਸਟਮ ਦੀ ਕਦਰ ਵਧਾਉਂਦੀਆਂ ਹਨ।

ਕਰਾਊਨ ਕੌਂਸਲ ਪੌਲਸੀ ਮੈਨੂਅਲ ("ਮੈਨੂਅਲ") ਆਪਣੀ ਮਰਜ਼ੀ ਵਰਤਣ ਵਿਚ ਕਰਾਊਨ ਕੌਂਸਲ ਨੂੰ ਆਮ ਅਤੇ ਹਾਲਤ ਮੁਤਾਬਕ ਸੇਧ ਦੋਨੋਂ ਪ੍ਰਦਾਨ ਕਰਦਾ ਹੈ, ਜਿਸ ਵਿਚ ਮੁਕੱਦਮੇ ਬਾਰੇ ਬੁਨਿਆਦੀ ਵਿਚਾਰਾਂ ਵੀ ਸ਼ਾਮਲ ਹਨ ਜਿਵੇਂ ਕਿ ਚਾਰਜ ਅਸੈੱਸਮੈਂਟ, ਬਦਲਵੇਂ ਉਪਾ, ਜ਼ਮਾਨਤ, ਅਤੇ ਨਿਪਟਾਰੇ ਲਈ ਗੱਲਬਾਤ। ਜਸਟਿਸ ਸਿਸਟਮ ਦੇ ਵਾਜਬ ਅਤੇ ਅਸਰਦਾਰ ਤਰੀਕੇ ਨਾਲ ਕੰਮ ਕਰਨ ਲਈ ਕਰਾਊਨ ਕੌਂਸਲ ਵਾਸਤੇ ਇਹ ਆਜ਼ਾਦ ਅਤੇ ਅਖਤਿਆਰੀ ਫੈਸਲੇ ਨੇਮ ਨਾਲ ਕਰਨਾ ਜ਼ਰੂਰੀ ਹੈ। ਜਦੋਂ ਕਰਾਊਨ ਕੌਂਸਲ ਇਸ ਮੈਨੂਅਲ ਵਿਚ ਤੈਅ ਕੀਤੀਆਂ ਗਈਆਂ ਨੀਤੀਆਂ ਮੁਤਾਬਕ ਅਸੂਲੀ ਫੈਸਲੇ ਕਰਦਾ ਹੈ, ਨਤੀਜਾ ਭਾਵੇਂ ਕੋਈ ਵੀ ਨਿਕਲੇ ਤਾਂ ਬੀ ਸੀ ਪੀ ਐੱਸ ਅਤੇ ਏ ਡੀ ਏ ਜੀ ਉਸ ਦੇ ਫੈਸਲਿਆਂ ਦੀ ਹਿਮਾਇਤ ਕਰਨਗੇ।

ਇਹ ਮੈਨੂਅਲ ਇਕ ਪਬਲਿਕ ਡਾਕੂਮੈਂਟ ਹੈ। ਇਸ ਦੀ ਛਪਾਈ ਪਾਰਦਰਸ਼ਤਾ ਦੇ ਟੀਚੇ ਨੂੰ ਅੱਗੇ ਵਧਾਉਂਦੀ ਹੈ। ਇਸ ਨਾਲ ਇਹ ਸਮਝਾਉਣ ਵਿਚ ਮਦਦ ਹੁੰਦੀ ਹੈ ਕਿ ਮੁਕੱਦਮੇ ਦੀਆਂ ਸੇਵਾਵਾਂ ਕਿਵੇਂ ਦਿੱਤੀਆਂ ਜਾਂਦੀਆਂ ਹਨ ਅਤੇ ਸਰਕਾਰੀ ਵਕੀਲ ਕਿਵੇਂ ਨਿੱਜੀ ਕੇਸਾਂ ਵਿਚ ਲੋਕਾਂ ਦੇ ਹਿਤ ਵਿਚ ਆਪਣੀ ਸੰਵਿਧਾਨਕ ਆਜ਼ਾਦੀ ਦੀ ਵਰਤੋਂ ਕਰਦੇ ਹਨ।

ਮੈਨੂਅਲ ਨੂੰ ਕਾਨੂੰਨ ਦਾ ਕੋਈ ਦਰਜਾ ਨਹੀਂ ਹੈ। ਇਹ ਕਿਸੇ ਵੀ ਤਰ੍ਹਾਂ *ਕ੍ਰਿਮੀਨਲ ਕੋਡ*, ਕੈਨੇਡੀਅਨ *ਚਾਰਟਰ ਔਫ ਰਾਈਟਸ ਐਂਡ ਫ੍ਰੀਡਮਜ਼*, ਜਾਂ ਲਾਗੂ ਹੋਣ ਵਾਲੇ ਕਿਸੇ ਵੀ ਹੋਰ ਕਾਨੂੰਨ ਦੀ ਥਾਂ ਨਹੀਂ ਲੈਂਦਾ ਅਤੇ ਇਸ ਦਾ ਮਕਸਦ ਲੋਕਾਂ ਨੂੰ ਕੋਈ ਕਾਨੂੰਨੀ ਸਲਾਹ ਦੇਣਾ ਜਾਂ ਕਿਸੇ ਵੀ ਕਾਨੂੰਨੀ ਕਾਰਵਾਈ ਵਿਚ ਕਾਨੂੰਨ ਵਲੋਂ ਲਾਗੂ ਹੋਣ ਯੋਗ ਕੋਈ ਅਧਿਕਾਰ ਤਿਆਰ ਕਰਨਾ ਨਹੀਂ ਹੈ।

## ਅਸੂਲੀ ਫੈਸਲੇ ਕਰਨਾ

ਪਾਲਸੀ ਦਾ ਮੁਢਲਾ ਮੰਤਵ, ਬੁਨਿਆਦੀ ਮਾਮਲਿਆਂ ਬਾਰੇ ਆਪਣੇ ਫੈਸਲੇ ਕਰਨ ਵਿਚ ਕਰਾਊਨ ਕੌਂਸਲ ਦੀ ਮਦਦ ਕਰਨਾ ਹੈ। ਖਾਸ ਪਾਲਸੀਆਂ ਲੋਕਾਂ ਦੇ ਹਿਤ ਬਾਰੇ ਢੁਕਵੇਂ ਵਿਚਾਰਾਂ ਦਾ ਅਕਸ ਦਿਖਾਉਂਦੀਆਂ ਹਨ ਅਤੇ ਮਰਜ਼ੀ ਦੀ ਵਰਤੋਂ ਕਰਨ ਲਈ ਇਕ ਢਾਂਚਾ ਪ੍ਰਦਾਨ ਕਰਦੀਆਂ ਹਨ। ਇਹ ਪਾਲਸੀਆਂ ਮੁਕੱਦਮੇ ਚਲਾਉਣ ਦੀ ਮਰਜ਼ੀ ਦੀ ਹੱਦ ਅਤੇ ਸਹੀ ਵਰਤੋਂ ਦੇ ਨਿਆਂ ਸ਼ਾਸਤਰ ਦਾ ਅਕਸ ਵੀ ਦਿਖਾਉਂਦੀਆਂ ਹਨ।

ਜਦੋਂ ਵੀ ਢੁਕਵਾਂ ਹੋਵੇ ਕਰਾਊਨ ਕੌਂਸਲ ਨੂੰ ਹੋਰ ਸਲਾਹ ਲੈਣੀ ਚਾਹੀਦੀ ਹੈ। ਬਹੁਤ ਸੀਨੀਅਰ ਕਰਾਊਨ ਕੌਂਸਲ ਵੀ ਸਾਥੀਆਂ ਦੀ ਸਲਾਹ ਲੈਣਗੇ, ਅਤੇ ਜਦੋਂ ਪਾਲਸੀ ਮੰਗ ਕਰਦੀ ਹੋਵੇ ਤਾਂ ਆਪਣੇ ਸੁਪਰਵਾਈਜ਼ਰਾਂ ਦੀ ਮਨਜ਼ੂਰੀ ਵੀ। ਕਾਨੂੰਨ ਅਤੇ ਨਿਆਂ ਸ਼ਾਸਤਰ, ਟੈਕਨੌਲੋਜੀ, ਅਦਾਲਤੀ ਨਿਯਮਾਂ ਅਤੇ ਤਰੀਕਿਆਂ ਵਿਚ ਵਿਕਾਸ ਦਾ ਮਤਲਬ ਇਹ ਹੈ ਕਿ ਕਾਨੂੰਨੀ ਦ੍ਰਿਸ਼ ਸਦਾ ਬਦਲਦਾ ਰਹਿੰਦਾ ਹੈ। ਪ੍ਰੈਕਟਿਸ ਜਾਂ ਕਾਰਵਾਈ ਦੇ ਅਣਜਾਣ ਖੇਤਰਾਂ ਵਿਚ ਪਾਲਸੀ ਨੂੰ ਦੇਖਣਾ ਖਾਸ ਕਰਕੇ ਮਦਦ ਕਰਨ ਵਾਲਾ ਹੋ ਸਕਦਾ ਹੈ।

ਪਾਲਸੀ ਏ ਜੀ ਪ੍ਰਤੀ ਜਵਾਬਦੇਹੀ ਅਤੇ ਮੁਕੱਦਮੇ ਚਲਾਉਣ ਦੀ ਮਰਜ਼ੀ ਨੂੰ ਇਕਸਾਰ ਅਤੇ ਅਸੂਲੀ ਤੌਰ 'ਤੇ ਲਾਗੂ ਕਰਨ ਦੀ ਮੰਗ ਕਰਦੀ ਹੈ। ਆਖਰਕਾਰ ਇਸ ਦਾ ਟੀਚਾ ਜਸਟਿਸ ਸਿਸਟਮ ਵਿਚ ਲੋਕਾਂ ਦੇ ਭਰੋਸੇ ਨੂੰ ਵਧਾਉਣਾ ਹੈ।

ਦੂਜੇ ਪਾਸੇ, ਮੁਕੱਦਮੇ ਚਲਾਉਣ ਲਈ ਮਰਜ਼ੀ ਦੀ ਸਹੀ ਵਰਤੋਂ ਹਰ ਫੈਸਲੇ 'ਤੇ ਪਾਲਸੀ ਨੂੰ ਕੱਟੜ ਤਰੀਕੇ ਨਾਲ ਲਾਗੂ ਕਰਨ ਦੀ ਨਾ ਤਾਂ ਮੰਗ ਕਰਦੀ ਹੈ ਅਤੇ ਨਾ ਹੀ ਉਤਸ਼ਾਹ ਦਿੰਦੀ ਹੈ। ਪਾਲਸੀ ਸੇਧ ਦਿੰਦੀ ਹੈ, ਪਰ ਇਹ ਹਰ ਕੇਸ ਵਿਚ ਨਤੀਜਾ ਨਹੀਂ ਮਨਵਾ

ਸਕਦੀ ਅਤੇ ਨਾ ਹੀ ਇਸ ਨੂੰ ਮਨਵਾਉਣਾ ਚਾਹੀਦਾ ਹੈ। ਕਰਾਊਨ ਕੌਂਸਲ ਨੂੰ ਅਜਿਹੇ ਫੈਸਲੇ ਕਰਨ ਦੀ ਲੋੜ ਹੁੰਦੀ ਹੈ ਜਿਹੜੇ ਹਰ ਕੇਸ ਦੀਆਂ ਵਿਲੱਖਣ ਹਾਲਤਾਂ ਮੁਤਾਬਕ ਹੁੰਦੇ ਹਨ।

ਪਾਲਸੀਆਂ ਲੋਕਾਂ ਦੇ ਹਿਤ ਦੇ ਖਾਸ ਪੱਖਾਂ 'ਤੇ ਵਿਚਾਰ ਕਰਨ ਦੀ ਮੰਗ ਕਰ ਸਕਦੀਆਂ ਹਨ ਜਾਂ ਇਹ ਮੰਗ ਕਰ ਸਕਦੀਆਂ ਹਨ ਕਿ ਖਾਸ ਹਾਲਤਾਂ ਵਿਚ ਬੀ ਸੀ ਪੀ ਐੱਸ ਦੇ ਸੀਨੀਅਰ ਮੈਂਬਰਾਂ ਨਾਲ ਸਲਾਹ ਕੀਤੀ ਜਾਵੇ ਜਾਂ ਉਹ ਆਪਣੀ ਮਨਜ਼ੂਰੀ ਦੇਣ। ਪਰ, ਪਾਲਸੀ ਨੂੰ ਕਰਾਊਨ ਕੌਂਸਲ ਦੀ ਮੁਕੱਦਮਾ ਚਲਾਉਣ ਦੀ ਮਰਜ਼ੀ ਨੂੰ ਪੂਰੀ ਤਰ੍ਹਾਂ ਰੋਕਣਾ ਨਹੀਂ ਚਾਹੀਦਾ। ਇਸ ਕਾਰਨ ਕਰਕੇ, ਪਾਲਸੀਆਂ ਵਿਚ ਬਹੁਤ ਘੱਟ ਲਾਜ਼ਮੀ ਮੰਨੇ ਜਾਣ ਵਾਲੇ ਆਦੇਸ਼ ਹੁੰਦੇ ਹਨ। ਜਿੱਥੇ ਉਹ ਅਜਿਹਾ ਕਰਦੀਆਂ ਹਨ, ਉੱਥੇ ਉਹ ਆਮ ਤੌਰ 'ਤੇ ਖਾਸ ਪੱਖਾਂ ਨੂੰ ਵਿਚਾਰਨ ਦੀ ਆਗਿਆ ਦਿੰਦੀਆਂ ਹਨ। ਕਰਾਊਨ ਕਾਊਂਸਲ ਲਈ ਹਮੇਸ਼ਾਂ ਇਹ ਖੁੱਲ੍ਹ ਹੁੰਦੀ ਹੈ ਕਿ ਉਹ ਏ ਡੀ ਏ ਜੀ ਤੋਂ ਪਾਲਸੀ ਤੋਂ ਹਟ ਕੇ ਚੱਲਣ ਲਈ ਸਹਿਮਤੀ ਮੰਗੇ ਜੇ ਉਹ ਸਮਝਦਾ ਹੋਵੇ ਕਿ ਨਿਰਪੱਖ ਨਤੀਜਾ ਯਕੀਨੀ ਬਣਾਉਣ ਲਈ ਉਸ ਲਈ ਆਪਣੀ ਮੁਕੱਦਮਾ ਚਲਾਉਣ ਦੀ ਮਰਜ਼ੀ ਦੀ ਵਰਤੋਂ ਕਰਦਿਆਂ ਅਜਿਹਾ ਕਰਨਾ ਜ਼ਰੂਰੀ ਹੈ।

## ਗਲਤ ਸਜ਼ਾਵਾਂ ਦੀ ਰੋਕਥਾਮ

ਬੀ ਸੀ ਪੀ ਐੱਸ ਇਹ ਸਮਝਦੀ ਹੈ ਕਿ ਕਰਿਮੀਨਲ ਜਸਟਿਸ ਸਿਸਟਮ ਵਿਚ ਸਬੂਤਾਂ ਅਤੇ ਕਾਰਵਾਈਆਂ ਦੇ ਸੰਬੰਧ ਵਿਚ ਬਚਾਅ ਦੇ ਸਥਾਪਤ ਉਪਾਵਾਂ ਦੇ ਬਾਵਜੂਦ, ਗਲਤ ਸਜ਼ਾਵਾਂ ਹੋ ਸਕਦੀਆਂ ਹਨ। ਬਚਾਅ ਦੇ ਉਪਾਵਾਂ ਵਿਚ ਦੋਸ਼ੀ ਸਿੱਧ ਹੋਣ ਤੱਕ ਨਿਰਦੋਸ਼ ਮੰਨਣਾ (ਪ੍ਰੀਜ਼ੰਪਸ਼ਨ ਆਫ ਇਨੋਸੈਂਸ), ਕਰਾਊਨ 'ਤੇ ਸਾਬਤ ਕਰਨ ਦਾ ਉੱਚਾ ਮਿਆਰ, ਅਤੇ ਪੁਲੀਸ, ਕਰਾਊਨ ਕੌਂਸਲ, ਅਤੇ ਅਦਾਲਤਾਂ ਦੀ ਆਜ਼ਾਦੀ ਸ਼ਾਮਲ ਹਨ। *ਚਾਰਟਰ ਔਫ ਰਾਈਟਸ ਐਂਡ ਫ੍ਰੀਡਮਜ਼* ਦੀਆਂ ਗਾਰੰਟੀਆਂ, ਜਿਵੇਂ ਕਿ ਕਰਾਊਨ ਵਲੋਂ ਕਥਿਤ ਦੋਸ਼ੀ ਨੂੰ ਕੇਸ ਬਾਰੇ ਪੂਰੀ ਜਾਣਕਾਰੀ ਦੇਣਾ, ਵਿਅਕਤੀਆਂ ਨੂੰ ਗਲਤ ਸਜ਼ਾਵਾਂ ਦਿੱਤੇ ਜਾਣ ਤੋਂ ਹੋਰ ਰੋਕਥਾਮ ਕਰਦੀਆਂ ਹਨ।

ਭਾਵੇਂ ਕਿ ਉਨ੍ਹਾਂ ਨੂੰ ਸਦਾ ਉਨ੍ਹਾਂ ਪੱਖਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ ਜਿਹੜੇ ਗਲਤ ਸਜ਼ਾਵਾਂ ਦੇਣ ਵਿਚ ਯੋਗਦਾਨ ਪਾ ਸਕਦੇ ਹਨ, ਕਰਾਊਨ ਕੌਂਸਲ ਨੂੰ ਕਦੇ ਵੀ ਕੋਈ ਢੁਕਵਾਂ ਕੇਸ ਚਲਾਉਣ ਤੋਂ ਜਾਂ ਕੇਸ ਦੀ ਕਾਨੂੰਨੀ ਮਜ਼ਬੂਤੀ 'ਤੇ ਜੋਰ ਦੇਣ ਤੋਂ ਝਿਜਕਣਾ ਨਹੀਂ ਚਾਹੀਦਾ। ਮਜ਼ਬੂਤ ਪਰ ਵਾਜਬ ਮੁਕੱਦਮੇ ਚਲਾ ਕੇ ਕਰਾਊਨ ਕੌਂਸਲ ਲੋਕ ਹਿਤ ਦੀ ਰੱਖਿਆ ਕਰਦੇ ਹਨ ਅਤੇ ਇਸ ਨੂੰ ਉਤਸ਼ਾਹ ਦਿੰਦੇ ਹਨ।

### ਗਲਤ ਸਜ਼ਾਵਾਂ ਦੇ ਮੁੱਖ ਕਾਰਨ

ਖੋਜ ਇਹ ਦਿਖਾਉਂਦੀ ਹੈ ਕਿ ਗਲਤ ਸਜ਼ਾਵਾਂ ਕਈ ਤਰ੍ਹਾਂ ਦੇ ਸੰਭਾਵੀ ਪੱਖਾਂ ਕਾਰਨ ਹੋ ਸਕਦੀਆਂ ਹਨ, ਜਿਹੜੇ ਇਕੱਲੇ ਇਕੱਲੇ ਜਾਂ ਰਲ ਕੇ ਕੰਮ ਕਰ ਸਕਦੇ ਹਨ। ਹਰ ਮੁਕੱਦਮਾ ਲੜਨ ਵੇਲੇ, ਕਰਾਊਨ ਕੌਂਸਲ ਨੂੰ ਇਹ ਪੱਖ ਪੂਰੀ ਤਰ੍ਹਾਂ ਆਪਣੇ ਮਨ ਵਿਚ ਰੱਖਣੇ ਚਾਹੀਦੇ ਹਨ। ਗਲਤ ਸਜ਼ਾਵਾਂ ਦੇ ਮੁੱਖ ਕਾਰਨਾਂ ਵਿਚ ਸਮੱਸਿਆ ਵਾਲੇ ਸਬੂਤ ਸ਼ਾਮਲ ਹਨ, ਜਿਵੇਂ ਕਿ:

- ਚਸ਼ਮਦੀਦ ਗਵਾਹਾਂ ਦੀ ਗਲਤ ਪਛਾਣ ਕਰਨਾ: ਚੰਗੇ ਇਰਾਦਿਆਂ ਵਾਲੇ, ਈਮਾਨਦਾਰ ਅਤੇ ਭਰੋਸੇਯੋਗ ਗਵਾਹ ਗਲਤ ਹੋ ਸਕਦੇ ਹਨ
- ਮਾਹਰ ਦੀ ਨੁਕਸਦਾਰ ਗਵਾਹੀ ਅਤੇ ਨੁਕਸਦਾਰ ਵਿਗਿਆਨਕ ਤਕਨੀਕਾਂ: ਮਾਹਰ ਦੀ ਖਰਾਬ, ਘੜੀ ਹੋਈ, ਜਾਂ ਬੇਬੁਨਿਆਦ ਗਵਾਹੀ, ਵਿਗਿਆਨਕ ਸ਼ਬਦਾਂ ਅਤੇ ਬੋਲੀ ਵਿਚ ਪੇਸ਼ ਕੀਤੀ, ਅਤੇ ਭਰੋਸਾ ਨਾ ਕਰਨ ਯੋਗ ਤੱਥਾਂ ਜਾਂ ਝੂਠੀ ਸਿੱਧ ਹੋ ਚੁੱਕੀ ਸਾਇੰਸ 'ਤੇ ਆਧਾਰਿਤ
- ਝੂਠੇ ਇਕਬਾਲ ਅਤੇ ਗਿਲਟੀ ਪਲੀਅਜ਼: ਕੁਝ ਕਥਿਤ ਦੋਸ਼ੀ ਸਹੀ ਤੌਰ 'ਤੇ ਬੇਗੁਨਾਹ ਹੋਣ ਦੇ ਬਾਵਜੂਦ ਇਕਬਾਲ ਕਰ ਲੈਂਦੇ ਹਨ ਜਾਂ ਪਲੀਡ ਗਿਲਟੀ ਕਰ ਲੈਂਦੇ ਹਨ
- ਕਸਟਡੀ ਵਿਚਲੇ ਬੇਈਮਾਨ ਸੂਹੀਏ ਗਵਾਹ: ਉਨ੍ਹਾਂ ਦੀ ਗਵਾਹੀ 'ਤੇ ਨਿਰਭਰ ਕਰਨਾ ਵੱਖਰੀ ਕਿਸਮ ਦੇ ਖਤਰੇ ਪੈਦਾ ਕਰਦਾ ਹੈ ਜਿਨ੍ਹਾਂ ਬਾਰੇ *ਇਨ-ਕਸਟਡੀ ਇਨਫੌਰਮਰ ਵਿਟਨੈਸਿਜ਼* (ਆਈ ਐੱਨ ਸੀ 1) ਪਾਲਸੀ ਵਿਚ ਖਾਸ ਤੌਰ 'ਤੇ ਗੱਲ ਕੀਤੀ ਗਈ ਹੈ

ਕਰਾਊਨ ਕੌਂਸਲ ਦੇ "ਟਨਲ ਵਿਜ਼ਨ", ਕੇਸ ਦੀ ਕਿਸੇ ਖਾਸ ਥਿਊਰੀ ਉੱਪਰ ਧਿਆਨ ਦੇਣ ਅਤੇ ਅਜਿਹੇ ਸਬੂਤ ਨੂੰ ਰੱਦ ਕਰਨ ਜਾਂ ਘੱਟ ਮਹੱਤਵ ਦੇਣ ਦੀ ਰੁਚੀ ਜਿਹੜਾ ਉਸ ਥਿਊਰੀ ਨੂੰ ਰੱਦ ਕਰਦਾ ਹੈ,[20] ਦੀ ਪਛਾਣ ਵੀ ਗਲਤ ਸਜ਼ਾਵਾਂ ਵਿਚ ਹਿੱਸਾ ਪਾਉਣ ਵਾਲੇ ਇਕ ਕਾਰਨ ਵਜੋਂ ਕੀਤੀ ਗਈ ਹੈ। ਪੁਲੀਸ ਤੋਂ ਆਜ਼ਾਦੀ, ਸਬੂਤਾਂ ਦੀ ਪੜਚੋਲ ਕਰਨ ਵੇਲੇ ਯਥਾਰਥਕਤਾ, ਅਤੇ ਅਸੂਲਾਂ ਵਾਲੇ ਫੈਸਲੇ ਕਰਨਾ, ਜਿਵੇਂ ਕਿ ਬੀ ਸੀ ਪੀ ਐੱਸ ਪਾਲਸੀ ਵਿਚ ਦੱਸਿਆ ਗਿਆ ਹੈ ਅਤੇ ਸੇਧ ਦਿੱਤੀ ਗਈ ਹੈ, ਟਨਲ ਵਿਜ਼ਨ ਤੋਂ ਬਚਣ ਵਿਚ ਕਰਾਊਨ ਕੌਂਸਲ ਦੀ ਮਦਦ ਕਰਦਾ ਹੈ। ਇਸ ਲਈ, ਜਦੋਂ ਸਹੀ ਤਰ੍ਹਾਂ ਅਮਲ ਕੀਤਾ ਜਾਂਦਾ ਹੈ ਤਾਂ ਕਰਾਊਨ ਕੌਂਸਲ ਦਾ ਰੋਲ ਗਲਤ ਸਜ਼ਾਵਾਂ ਤੋਂ ਰੱਖਿਆ ਕਰਦਾ ਹੈ।

ਬੇਇਨਸਾਫੀਆਂ ਹੁੰਦੀਆਂ ਹਨ ਭਾਵੇਂ ਕਥਿਤ ਦੋਸ਼ੀ ਦਾ ਲਿੰਗ, ਨਸਲ, ਉਮਰ ਜਾਂ ਸਮਾਜਿਕ ਆਰਥਿਕ ਦਰਜਾ ਕੋਈ ਵੀ ਹੋਵੇ। ਫਿਰ ਵੀ, ਕਰਾਊਨ ਕੌਂਸਲ ਨੂੰ ਨਾਬਰਾਬਰੀ ਨੂੰ ਬਦਤਰ ਕਰ ਸਕਣ ਵਾਲੇ ਅਤੇ ਨਾਵਾਜਬ ਮੁਕੱਦਮਿਆਂ ਅਤੇ ਗਲਤ ਸਜ਼ਾਵਾਂ ਦਾ ਕਾਰਨ ਬਣ ਸਕਣ ਵਾਲੇ ਸਿਸਟਮਬੱਧ ਪੱਖਪਾਤਾਂ, ਤਰਫ਼ਦਾਰੀਆਂ, ਅਤੇ ਕੱਟੜ ਧਾਰਨਾਵਾਂ ਤੋਂ ਜਾਣੂ ਹੋਣਾ ਚਾਹੀਦਾ ਹੈ, ਉਨ੍ਹਾਂ ਨੂੰ ਪ੍ਰਵਾਨ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਦਾ ਹੱਲ ਕਰਨ ਲਈ ਵਾਜਬ ਕਦਮ ਚੁੱਕਣੇ ਚਾਹੀਦੇ ਹਨ।

ਗਲਤ ਸਜ਼ਾਵਾਂ ਤੋਂ ਰੋਕਥਾਮ ਕਰਨ ਲਈ ਕੰਮ ਕਰਨ ਤੋਂ ਇਲਾਵਾ, ਕਰਾਊਨ ਕੌਂਸਲ ਲਈ ਮੁਕੱਦਮੇ ਦੇ ਖਤਮ ਹੋ ਜਾਣ ਤੋਂ ਬਾਅਦ ਵੀ ਸਚੇਤ ਰਹਿਣਾ ਜ਼ਰੂਰੀ ਹੈ। ਜੇ ਇਹ ਸਿੱਟਾ ਕੱਢਣ ਦਾ ਕੋਈ ਵਾਜਬ ਆਧਾਰ ਹੋਵੇ ਕਿ ਅਦਾਲਤੀ ਕਾਰਵਾਈ ਵਿਚ ਬੇਇਨਸਾਫੀ ਹੋਈ ਹੋ ਸਕਦੀ ਹੈ ਤਾਂ ਬੀ ਸੀ ਪੀ ਐੱਸ ਮਸਲੇ ਦਾ ਹੱਲ ਕਰਨ ਲਈ ਲੋੜੀਂਦੇ ਕਦਮ ਚੁੱਕੇਗੀ।

## ਆਦਿਵਾਸੀ ਵਿਅਕਤੀ

ਵੱਖ ਵੱਖ ਸਰਕਾਰੀ ਕਮਿਸ਼ਨਾਂ ਅਤੇ ਰਿਪੋਰਟਾਂ, ਅਤੇ ਇਸ ਦੇ ਨਾਲ ਨਾਲ ਕੈਨੇਡਾ ਦੀ ਸੁਪਰੀਮ ਕੋਰਟ ਦੇ ਫੈਸਲਿਆਂ ਨੇ ਇਹ ਸਵੀਕਾਰ ਕੀਤਾ ਹੈ ਕਿ ਆਦਿਵਾਸੀ ਵਿਅਕਤੀਆਂ (ਫਸਟ ਨੇਸ਼ਨਜ਼, ਮੇਟੀਸ, ਅਤੇ ਇਨੂਇਟ) ਵਲੋਂ ਝੱਲਿਆ ਗਿਆ ਵਿਤਕਰਾ, ਭਾਵੇਂ ਇਹ ਸਪਸ਼ਟ ਤੌਰ 'ਤੇ ਨਸਲੀ ਵਤੀਰਿਆਂ ਜਾਂ ਸਭਿਆਚਾਰਕ ਤੌਰ 'ਤੇ ਅਣਉੱਚਿਤ ਤਰੀਕਿਆਂ ਦਾ ਨਤੀਜਾ ਹੋਵੇ, ਕ੍ਰਿਮੀਨਲ ਜਸਟਿਸ ਸਿਸਟਮ ਦੇ ਸਾਰੇ ਹਿੱਸਿਆਂ ਤੱਕ ਫੈਲਿਆ ਹੋਇਆ ਹੈ।

ਕੈਨੇਡਾ ਵਿਚ ਬਸਤੀਵਾਦ, ਥਾਂ-ਬਦਲੀ ਅਤੇ ਰੈਜ਼ੀਡੈਂਸ਼ਲ ਸਕੂਲਾਂ ਦੇ ਇਤਿਹਾਸ ਦਾ ਮਤਲਬ ਆਦਿਵਾਸੀ ਲੋਕਾਂ ਲਈ ਪੜ੍ਹਾਈ ਵਿਚ ਘੱਟ ਸਫਲਤਾ, ਘੱਟ ਆਮਦਨਾਂ, ਜ਼ਿਆਦਾ ਬੇਰੁਜ਼ਗਾਰੀ, ਨਸ਼ਿਆਂ ਦੀ ਜ਼ਿਆਦਾ ਵਰਤੋਂ ਅਤੇ ਖੁਦਕੁਸ਼ੀ ਦੀਆਂ ਜ਼ਿਆਦਾ ਦਰਾਂ ਅਤੇ ਜੇਲ੍ਹ ਜਾਣ ਦੇ ਜ਼ਿਆਦਾ ਪੱਧਰ ਹਨ।[21] ਇਸ ਦੇ ਨਾਲ ਹੀ ਆਦਿਵਾਸੀ ਲੋਕਾਂ ਵਿਚ ਜੁਰਮਾਂ ਦਾ ਸ਼ਿਕਾਰ ਹੋਣ ਦੀਆਂ ਦਰਾਂ, ਖਾਸ ਕਰਕੇ ਆਦਿਵਾਸੀ ਔਰਤਾਂ ਅਤੇ ਕੁੜੀਆਂ ਲਈ, ਗੈਰ-ਆਦਿਵਾਸੀ ਲੋਕਾਂ ਲਈ ਦਰਾਂ ਨਾਲੋਂ ਕਿਤੇ ਜ਼ਿਆਦਾ ਹਨ।[22]

ਕੈਨੇਡਾ ਵਿਚ ਆਦਿਵਾਸੀ ਲੋਕਾਂ ਲਈ ਬਸਤੀਵਾਦ ਦੇ ਜਾਰੀ ਰਹਿਣ ਵਾਲੇ ਸਿੱਟੇ, ਕਿਸੇ ਆਦਿਵਾਸੀ ਵਿਅਕਤੀ ਦੇ ਤੌਰ 'ਤੇ ਇਕ ਪੀੜਤ ਵਜੋਂ ਜਾਂ ਸੰਭਾਵੀ ਕਥਿਤ ਦੋਸ਼ੀ ਵਜੋਂ ਕਿਸੇ ਵੀ ਚਾਰਜ ਅਸੈੱਸਮੈਂਟ ਲਈ ਲੋੜੀਂਦਾ ਸੰਦਰਭ ਪ੍ਰਦਾਨ ਕਰਦੇ ਹਨ। ਇਨ੍ਹਾਂ ਨਤੀਜਿਆਂ ਦਾ "ਆਦਿਵਾਸੀ ਲੋਕਾਂ 'ਤੇ ਅਸਰ ਪਾਉਣ ਵਾਲੇ ਵਿਲੱਖਣ ਸਿਸਟਮਬੱਧ ਅਤੇ ਪਿਛੋਕੜ ਦੇ ਪੱਖਾਂ ਦਾ ਲੇਖਾ ਜੋਖਾ ਕਰਕੇ ਅਤੇ ਇਸ ਦੇ ਨਾਲ ਨਾਲ ਉਨ੍ਹਾਂ ਦੀਆਂ ਬੁਨਿਆਦੀ ਵੱਖਰੀਆਂ ਸਭਿਆਚਾਰਕ ਰਵਾਇਤਾਂ ਅਤੇ ਦੁਨੀਆ ਪ੍ਰਤੀ ਦ੍ਰਿਸ਼ਟੀਕੋਣਾਂ ਨੂੰ ਧਿਆਨ ਵਿਚ ਰੱਖ ਕੇ ਹੱਲ ਕੀਤਾ ਜਾਣਾ ਜ਼ਰੂਰੀ ਹੈ।"[23]

ਖੋਜ ਇਹ ਦੱਸਦੀ ਹੈ ਕਿ ਆਦਿਵਾਸੀ ਵਿਅਕਤੀਆਂ ਨੂੰ ਵੱਖ ਵੱਖ ਸਭਿਆਚਾਰਕ ਅਤੇ ਸਮਾਜਿਕ ਆਰਥਿਕ ਕਾਰਨਾਂ ਕਰਕੇ ਗਲਤ ਸਜ਼ਾਵਾਂ ਦੀ ਬੇਮੇਲ ਗਿਣਤੀ ਦਾ ਸ਼ਿਕਾਰ ਹੋਣਾ ਪੈਂਦਾ ਹੈ।[24] ਕ੍ਰਿਮੀਨਲ ਜਸਟਿਸ ਦੀ ਕਾਰਵਾਈ ਦੇ ਹਰ ਪੱਧਰ 'ਤੇ

---

20 Heads of Prosecution Report, *Innocence at Stake: The Need for Continued Vigilance to Prevent Wrongful Convictions in Canada*, www.ppsc-sppc.gc.ca/eng/pub/is-ip/ch2.html , FPT Heads of Prosecution Committee, 2018.

21 *R v Ipeelee*, 2012 SCC 13

22 *Victimization of Aboriginal People in Canada, 2014*, Statistics Canada, 2016

23 *Ewert v Canada*, 2018 SCC 30 at paras 57 and 58; *R v Barton*, 2019 SCC 33 at paras 198-200

24 Kent Roach, "*The Wrongful Conviction of Indigenous People in Australia and Canada*" Flanders Law Journal 17, 2015 at para 224; Amanda Carling, *A Way to Reduce Indigenous Overrepresentation: Prevent False Guilty Plea Wrongful Convictions*, 2017 64 CLQ 415

ਕਰਾਊਨ ਕੌਂਸਲ ਨੂੰ ਉਨ੍ਹਾਂ ਚੁਣੌਤੀਆਂ 'ਤੇ ਵਿਚਾਰ ਕਰਨੀ ਚਾਹੀਦੀ ਹੈ ਜਿਨ੍ਹਾਂ ਦਾ ਸਾਹਮਣਾ ਆਦਿਵਾਸੀ ਵਿਅਕਤੀਆਂ ਨੂੰ ਜਸਟਿਸ ਸਿਸਟਮ ਨਾਲ ਆਪਣੇ ਸੰਪਰਕ ਵੇਲੇ ਕਰਨਾ ਪੈਂਦਾ ਹੈ ਅਤੇ ਇਹ ਚੁਣੌਤੀਆਂ ਕਿਵੇਂ ਗਲਤ ਸਜ਼ਾਵਾਂ ਦਾ ਕਾਰਨ ਬਣ ਸਕਦੀਆਂ ਹਨ।[25]

## ਸ਼ਬਦਾਂ ਦੇ ਅਰਥ

ਮੈਨੂਅਲ ਵਿਚ, ਸ਼ਬਦ "ਇਨਡਿਜਨਸ" ਕੈਨੇਡਾ ਦੇ ਫਸਟ ਨੇਸ਼ਨਜ਼, ਮੇਟੀਸ, ਜਾਂ ਇਨੂਇਟ ਲੋਕਾਂ ਲਈ ਵਰਤਿਆ ਗਿਆ ਹੈ। ਇਹ ਸ਼ਬਦ "ਅਬਰਿਜਨਲ" ਦੀ ਥਾਂ 'ਤੇ ਵਰਤਿਆ ਗਿਆ ਹੈ, ਜੋ ਕਿ ਵੱਖ ਵੱਖ ਕਾਨੂੰਨਾਂ ਵਿਚ ਵਰਤਿਆ ਗਿਆ ਹੈ ਜਿਸ ਵਿਚ *ਕ੍ਰਿਮੀਨਲ ਕੋਡ* ਵੀ ਸ਼ਾਮਲ ਹੈ ਅਤੇ ਇਹ ਬੀ ਸੀ *ਡੈਕਲਾਰੇਸ਼ਨ ਔਫ ਦਿ ਰਾਈਟਸ ਔਫ ਇਨਡਿਜਨਸ ਪੀਪਲਜ਼ ਐਕਟ*, ਐੱਸ ਬੀ ਸੀ 2019, ਸੀ. 44 ਅਨੁਸਾਰ ਢੁਕਵਾਂ ਹੈ।

ਇਸ ਤੋਂ ਇਲਾਵਾ, ਮੈਨੂਅਲ ਵਿਚਲੇ ਸ਼ਬਦਾਂ "ਸ਼ੁੱਡ" ਅਤੇ "ਮਸਟ" ਵਿਚਕਾਰ ਬਹੁਤ ਹੀ ਮਹੱਤਵਪੂਰਨ ਫਰਕ ਹੈ।

"ਕਰਾਊਨ ਕੌਂਸਲ ਸ਼ੁੱਡ" ਦਾ ਮਤਲਬ ਹੈ ਕਿ ਕਰਾਊਨ ਕੌਂਸਲ ਆਮ ਤੌਰ 'ਤੇ ਪਾਲਸੀ ਗਾਈਲਡਾਈਨਾਂ ਦੀ ਪਾਲਣਾ ਕਰੇਗਾ, ਜੇ ਉਹ ਇਹ ਸਿੱਟਾ ਨਹੀਂ ਕੱਢਦਾ ਕਿ ਇਨਸਾਫ ਦੇ ਹਿਤ ਅਜਿਹੇ ਫੈਸਲੇ ਦੀ ਮੰਗ ਕਰਦੇ ਹਨ ਜਿਹੜਾ ਪਾਲਸੀ ਗਾਈਡਲਾਈਨ ਨਾਲ ਮੇਲ ਨਹੀਂ ਖਾਂਦਾ

"ਕਰਾਊਨ ਕੌਂਸਲ ਮਸਟ" *ਕਰਾਊਨ ਕੌਂਸਲ ਐਕਟ* ਦੇ ਸੈਕਸ਼ਨ 4(3) ਹੇਠ ਅਸਿਸਟੈਂਟ ਡਿਪਟੀ ਅਟਾਰਨੀ ਜਨਰਲ (ਏ ਡੀ ਏ ਜੀ) ਦੀ ਸੇਧ ਸਥਾਪਤ ਕਰਦਾ ਹੈ

25 *Innocence at Stake: The Need for Continued Vigilance to Prevent Wrongful Convictions in Canada*, c 10, s 3: FPT Heads of Prosecution Committee, 2018 (www.ppsc-sppc.gc.ca/eng/pub/is-ip/ch10.html#ch10_3)